578TE

ਵਲੋਂ

ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿਚ

ਪ੍ਰਿੰਸੀਪਲ,
ਰਾਜ ਦੇ ਸਾਰੇ ਸਰਕਾਰੀ ਬਹੁਤਕਨੀਕੀ ਕਾਲਜ,
ਗੈਰ-ਸਰਕਾਰੀ ਬਹੁਤਕਨੀਕੀ(ਏਡਿਡ) ਕਾਲਜ,
ਪ੍ਰਾਈਵੇਟ ਬਹੁਤਕਨੀਕੀ ਕਾਲਜ।

ਮੀਮੋ ਨੰ:578ਟੀਈ/ 2065-2158 /ਕੰਡਕਟ
ਮਿਤੀ: 17-6- 2009

ਵਿਸ਼ਾ:- ਟਿਊਸ਼ਨ ਫੀਸ ਵੇਵਰ ਸਕੀਮ ਅਧੀਨ ਸਾਲ 2009-10 ਦੌਰਾਨ ਡਿਪਲੋਮਾ ਕੋਰਸਾਂ ਵਿਚ ਦਾਖਲਾ ਕਰਨ ਬਾਰੇ।

ਹਵਾਲਾ: ਇਸ ਦਫਤਰ ਦੀ ਪਿੱਠ ਅੰਕਣ ਨੰ: 2840-2936/ ਕੰਡਕਟ ਮਿਤੀ 3.9.2008, ਉਪਰੋਕਤ ਵਿਸ਼ੇ ਤੇ।

ਇਹ ਦੱਸਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਹੁਕਮ ਨੰ: 13/60/08-1ਟੀਈ2/3797 ਮਿਤੀ 27.8.2008 (ਨਕਲ ਨੱਥੀ ਹੈ) ਰਾਹੀਂ ਨੋਟੀਫਿਕੇਸ਼ਨ ਜਾਰੀ ਕੀਤੀ ਸੀ। ਇਸ ਨੋਟੀਫਿਕੇਸ਼ਨ ਅਨੁਸਾਰ ਰਾਜ ਦੀਆਂ ਸਾਰੀਆਂ ਸਰਕਾਰੀ/ਗੈਰ-ਸਰਕਾਰੀ (ਏਡਿਡ) ਅਤੇ ਪ੍ਰਾਈਵੇਟ ਬਹੁਤਕਨੀਕੀ ਸੰਸਥਾਵਾਂ ਵਿੱਚ ਡਿਪਲੋਮਾ ਕੋਰਸਾਂ ਦੀ ਪ੍ਰਵਾਨਤ ਇੰਨਟੇਕ ਦੀਆਂ 10% ਵਾਧੂ ਸੀਟਾਂ ਮੰਨਜੂਰ ਕੀਤੀਆਂ ਹਨ। ਇਹ ਸੀਟਾਂ ਟਿਊਸ਼ਨ ਫੀਸ ਵੇਵਰ ਸਕੀਮ ਅਧੀਨ ਭਰੀਆਂ ਜਾਣੀਆਂ ਹਨ। ਸਰਕਾਰ ਵੱਲੋਂ ਇਨ੍ਹਾਂ ਵਾਧੂ ਸੀਟਾਂ ਵਿਰੁੱਧ ਦਾਖਲਾ ਕਰਨ ਲਈ ਇਸ ਸਕੀਮ ਦੀ ਮੋਨੀਟਰਿੰਗ ਦਾ ਕੰਮ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ ਨੂੰ ਸੋਂਪਿਆ ਗਿਆ ਹੈ। ਇਸ ਸਕੀਮ ਅਧੀਨ ਦਾਖਲਾ ਸੈਂਟਰਲ ਕੌਂਸਲਿੰਗ ਤੋਂ ਬਾਅਦ ਕਰਨ ਨਾਲ ਔਕੜਾਂ ਪੇਸ਼ ਆ ਰਹੀਆਂ ਹਨ। ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਕੀਮ ਤਹਿਤ ਦਾਖਲਾ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਨੋਟੀਫਿਕੇਸ਼ਨ ਅਨੁਸਾਰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਦੁਆਰਾ ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਜੇ.ਈ.ਟੀ. 2009 ਦੀ ਕੌਂਸਲਿੰਗ ਤੋਂ ਪਹਿਲਾ ਪਹਿਲਾ ਦਾਖਲਾ ਹਰ ਹਾਲਤ ਵਿੱਚ ਕੀਤਾ ਜਾਵੇ ਅਤੇ ਦਾਖਲ ਕੀਤੇ ਗਏ ਵਿਦਿਆਰਥੀਆਂ ਦੀਆਂ ਲਿਸਟਾਂ ਡਿਪਟੀ ਕਮਿਸ਼ਨਰ ਤੋਂ ਤਸਦੀਕ ਕਰਵਾ ਕੇ ਇਸ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਨੱਥੀ/-ਉਪਰੋਕਤ ਅਨੁਸਾਰ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।